228

# ਸ਼ੀਰਾਜ਼ਾ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

ਦੋਮਾਸਿਕ

# ਸ਼ੀਰਾਜ਼ਾ

**ਸਤੰਬਰ-ਅਕਤੂਬਰ 2021**

ਮੁੱਖ ਸੰਪਾਦਕ
ਰਾਹੁਲ ਪਾਂਡੇ

ਸੰਪਾਦਕ
ਪੋਪਿੰਦਰ ਸਿੰਘ ਪਾਰਸ

ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76 September-October, 2021
(Punjabi)

ਸਾਲ : 52 ਅੰਕ : 6 ਕੁਲ ਅੰਕ : 228

*Editor-in-chief*
**Rahul Pandey** IAS

*Editor*
**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਮੋਬਾਇਲ : 9906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ– 180 001

*Publisher* : Secretary, J&K Academy of Art, Culture and Languages JAMMU- 180 001

ਛਾਪਕ : ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ — (01923)-220243, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤਤਕਰਾ


- ਆਲੇਖ
  - ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਵ ਨੂੰ ਸਮਪਿਤ ਵਿਸ਼ੇਸ਼ ਅੰਕ : ਇਕ ਜਾਇਜ਼ਾ/ *ਡਾ. ਪ੍ਰੀਤਮ ਸਿੰਘ/1*
  - ਸ਼ਮੀਲ ਦੀ ਕਾਵਿ-ਪੁਸਤਕ 'ਧੂੜ' ਦੀ ਪਾਠਗਤ ਪੜ੍ਹਤ/*ਡਾ. ਰਜਨੀ ਬਾਲਾ/7*
  - ਕਲਾਮ ਬੁਲ੍ਹੇ ਸ਼ਾਹ : ਪਾਠਾਤਮਕ ਅਧਿਐਨ/*ਡਾ. ਮਨਜਿੰਦਰ ਸਿੰਘ, ਜਸਵੀਰ ਸਿੰਘ/23*
  - ਬਲਦੇਵ ਸਿੰਘ ਰਚਿਤ ਨਾਵਲ 'ਲਾਲ ਬੱਤੀ'—ਇੱਕ ਅਧਿਐਨ/*ਡਾ. ਪ੍ਰਿਆ ਗੋਇਲ/34*
  - ਮੁਹੱਬਤਾਂ ਵੰਡਦਾ ਸ਼ਾਇਰ ਵਿਸ਼ਵਨਾਥ 'ਦਿਲ'-ਸੰਖੇਪ ਜੀਵਨ ਝਾਤ/*ਹਰਜੀਤ ਸਿੰਘ ਉੱਪਲ/38*
  - ਕਾਵਿ ਨਾਟਕ ਨੂਰਜਹਾਂ : ਮਨੋਵਿਸ਼ਲੇਸ਼ਣਾਤਮਕ ਅਧਿਐਨ/*ਜਸਵਿੰਦਰ ਸਿੰਘ/43*
  - ਜੱਗ ਦੇ ਚਾਨਣ : ਗੁਰੂ ਨਾਨਕ ਦੇਵ ਜੀ/*ਹਰਮਿੰਦਰ ਸਿੰਘ/50*
  - ਤਾਰਿਆਂ ਦੇ ਅੰਗ-ਸੰਗ ਦੀ ਕਾਵਿ-ਸੰਵੇਦਨਾ/*ਡਾ. ਗੁਰਜੀਤ ਕੌਰ/58*
  - ਵੀਨਾ ਵਰਮਾ ਦੀ ਕਹਾਣੀ ਵਿਚ ਔਰਤ-ਹੋਂਦ ਦਾ ਸਮਸਿਆਕਾਰ : ਸਭਿਆਚਾਰਕ-ਯਾਦ ਦੇ ਪ੍ਰਸੰਗ ਵਿਚ/*ਰਮਨਦੀਪ ਕੌਰ/64*
  - ਮੇਰਾ ਦਾਗਿਸਤਾਨ ਭਾਗ ਦੂਜਾ : ਵਿਭਿੰਨ ਪਸਾਰ/*ਡਾ. ਮਨਦੀਪ ਕੌਰ/70*
  - ਧਾਮੀ ਦੀ ਕਹਾਣੀ "ਮੱਲ੍ਹਮ" ਵਿੱਚ ਵੰਡ ਦੇ ਹਾਲਾਤਾਂ ਤੋਂ ਉਪਜੇ ਸਮਾਜਿਕ ਤਾਣੇ-ਬਾਣੇ ਦਾ ਮੁਲੰਕਣ/*ਮਲਕੀਤ ਕੌਰ, ਪ੍ਰੋ. ਬਲਜੀਤ ਕੌਰ/79*
  - ਪਾਲੀ ਭੁਪਿੰਦਰ ਦੇ ਨਾਟਕਾਂ ਦਾ ਨਾਟ-ਵਸਤੂ/*ਗੁਰਭੇਜ ਸਿੰਘ/83*
  - ਸਮਕਾਲੀ ਮਾਰਕਸਵਾਦੀ ਪੰਜਾਬੀ ਕਾਵਿ ਆਲੋਚਨਾ : ਸੰਵਾਦ ਅਤੇ ਮੁਲਾਂਕਣ/ *ਡਾ. ਧਰਮਿੰਦਰ ਸਿੰਘ/91*
  - ਸੁਰਿੰਦਰ ਨੀਰ ਦੀ ਕਹਾਣੀ 'ਲਾਚੀ' (ਔਰਤ ਦੀ ਸਥਿਤੀ ਅਤੇ ਆਂਚਲਿਕਤਾ ਦੇ ਸੰਦਰਭ 'ਚ)/ *ਅਮਨਪ੍ਰੀਤ ਕੌਰ/100*
- ਕਹਾਣੀਆਂ
  - ਹਨੇਰੀ/*ਜੋਗਿੰਦਰ ਸਿੰਘ ਨਿਰਾਲਾ/104*
  - ਸਪੇਸ/*ਬਲਜੀਤ ਸਿੰਘ ਰੈਨਾ/113*
- ਕਾਵਿ ਰੂਪ
  - ਪੀੜ/*ਦਲੀਪ ਸਿੰਘ ਦੀਪਕ/122*
  - ਕਵਿਤਾ/*ਪਿਆਰਾ ਸਿੰਘ ਧੰਜਲ/123*
  - ਪੁਕਾਰ/*ਸੂਰਜ ਸਿੰਘ ਸੂਰਜ/124*
  - ਔਰਤ ਦਾ ਦਰਦ/*ਹਰਦੀਪ ਬਾਵਾ/125*
  - ਕਰਮ, ਤੂੰ ਤੇ ਮੈਂ/*ਜੰਗ ਐਸ. ਵਰਮਨ/126*
- ਨਵੀਆਂ ਕਲਮਾਂ
  - ਧਰਮਗੁਰੂ : ਧਰਮ ਅਤੇ ਕਰਮ ਦੀ ਕਥਾ/*ਸਰਵਨ ਸਿੰਘ/128*

ਆਲੇਖ

# ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਵ ਨੂੰ ਸਮ੍ਰਪਿਤ ਵਿਸ਼ੇਸ਼ ਅੰਕ : ਇਕ ਜਾਇਜ਼ਾ

❑ ਡਾ. ਪ੍ਰੀਤਮ ਸਿੰਘ

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦਾ ਵਰ੍ਹਾ 1969 ਇਕ ਮੁਕਦਸ ਅਤੇ ਇਤਿਹਾਸਕ ਸਾਲ ਸੀ। ਮੁਕਦਸ ਇਸ ਕਰਕੇ ਕਿ ਇਸ ਸਾਲ ਨੂੰ ਵਿਸ਼ਵ ਭਰ ਵਿਚ ਵੱਸਦੇ ਪੰਜਾਬੀ ਭਾਈਚਾਰੇ ਨੇ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਜਨਮ ਸ਼ਤਾਬਦੀ ਸਮਾਰੋਹ ਨੂੰ ਧਾਰਮਿਕ ਤੌਰ ਤੇ ਮਨਾਇਆ ਜਦਕਿ ਇਸ ਸਾਲ ਦਾ ਇਤਿਹਾਸਕ ਮਹੱਤਵ ਇਸ ਕਰਕੇ ਸੀ ਕਿ ਇਸੇ ਖਾਸ ਮੌਕੇ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਰਸ਼ਨ ਅਤੇ ਸਰਬੋਤਮ ਮਾਨਵੀ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਹਿੱਤ ਬਹੁਤ ਸਾਰੀਆਂ ਸੰਸਥਾਵਾਂ ਨੇ ਵਿਸ਼ੇਸ਼ ਯਤਨ ਆਰੰਭੇ। ਇਨ੍ਹਾਂ ਸੰਸਥਾਵਾਂ ਵਿਚ ਸਮਾਜਿਕ, ਸਾਂਸਕ੍ਰਿਤਿਕ ਅਤੇ ਅਕਾਦਮਿਕ ਸੰਸਥਾਵਾਂ ਪ੍ਰਮੁੱਖ ਸਨ ਜਿੰਨ੍ਹਾਂ ਨੇ ਗੁਰੂ ਨਾਨਕ ਅਧਿਐਨ ਦੇ ਨਾਲ ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਵੀ ਉਪਰਾਲੇ ਕੀਤੇ। ਇਨ੍ਹਾਂ ਸੰਸਥਾਵਾਂ ਵਿਚੋਂ ਜੰਮੂ-ਕਸ਼ਮੀਰ, ਦੀ ਕਲਾ, ਸੰਸਕ੍ਰਿਤੀ ਅਤੇ ਵਿਭਿੰਨ ਭਾਸ਼ਾਵਾਂ ਦੇ ਪ੍ਰਚਾਰ, ਪ੍ਰਸਾਰ ਤੇ ਸਾਂਭ-ਸੰਭਾਲ ਦੇ ਕਾਰਜ ਲਈ ਸਮ੍ਰਪਿੱਤ ਸੰਸਥਾ ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼ ਵਲੋਂ ਇਕ ਵਿਸ਼ੇਸ਼ ਉਦਮ ਦੇ ਅੰਤਰਗਤ ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰਚ ਨੂੰ ਸਮ੍ਰਪਿੱਤ ਦੋਮਾਸਿਕ ਪਤ੍ਰਿੱਕਾ ਸ਼ੀਰਾਜ਼ਾ ਪੰਜਾਬੀ ਸ਼ੁਰੂ ਕੀਤਾ ਗਿਆ ਤੇ ਅੱਜ ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਸਮਾਰੋਹ ਮਨਾਂ ਰਹੇ ਹਾਂ ਉਦੋਂ ਹੀ ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼ ਵੀ ਸ਼ੀਰਾਜ਼ਾ ਪੰਜਾਬੀ ਦੀ 50 ਵੀ ਵਰ੍ਹੇ ਗੰਢ ਮਨਾ ਰਹੀ ਹੈ। ਇਨ੍ਹਾਂ ਦੋਵਾਂ ਮੋਕਿਆਂ ਦਾ ਇਕ ਖ਼ੂਬਸੂਰਤ ਸੰਯੋਗ ਇਹ ਹੈ ਕਿ ਸ਼ੀਰਾਜ਼ਾ ਪੰਜਾਬੀ ਦਾ ਸਾਲ 2019 ਦੇ ਨਵੰਬਰ-ਦਿਸੰਬਰ ਦਾ ਅੰਕ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਉਤਸਵ ਨੂੰ ਸਮ੍ਰਪਿੱਤ ਕੀਤਾ ਗਿਆ ਹੈ।

ਜਨਾਬ ਮੁਨੀਰ-ਉਲ-ਇਸਲਾਮ (ਸਕੱਤਰ, ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼) ਦੀ ਦੇਖ ਰੇਖ ਵਿਚ ਪੋਪਿੰਦਰ ਸਿੰਘ ਪਾਰਸ (ਸੰਪਾਦਕ ਸ਼ੀਰਾਜ਼ਾ ਪੰਜਾਬੀ) ਵਲੋਂ ਸੰਪਾਦਿਤ ਗੁਰੂ ਨਾਨਕ ਦੇਵ ਜੀ ਵਿਸ਼ੇਸ਼ ਅੰਕ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਭਾਗ ਵਿਚ ਦੇਸ਼ ਦੇ ਵੱਖ ਵੱਖ ਵਿਦਵਾਨਾਂ ਵਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਦਰਸ਼ਨ ਅਤੇ ਇਤਿਹਾਸ ਸੰਬੰਧੀ 25 ਲੇਖ ਸ਼ਾਮਿਲ ਕੀਤੇ ਗਏ ਹਨ ਜਦਕਿ ਦੂਸਰੇ ਹਿੱਸੇ ਵਿਚ ਗੁਰੂ ਨਾਨਕ ਦੇਵ ਜੀ ਸੰਬੰਧੀ ਵੱਖ ਵੱਖ ਕਵੀਆਂ ਵਲੋਂ ਲਿਖੀਆਂ 10 ਕਾਵਿ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ।

ਇਸ ਅੰਕ ਵਿਚ ਛਪੇ ਵੱਖ ਵੱਖ ਲੇਖਾਂ ਨੂੰ ਜੇਕਰ ਵਰਗੀਕ੍ਰਿਤ ਕੀਤਾ ਜਾਵੇ ਤਾਂ ਇਨ੍ਹਾਂ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ। ਬਹੁਤੇ ਲੇਖ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ, ਦਾਰਸ਼ਨਿਕ ਦ੍ਰਿਸ਼ਟੀ ਅਤੇ ਬਾਣੀ ਵਿਚ ਪ੍ਰਸਤੁੱਤ ਵਿਚਾਰਾਂ ਵਿਚਲੇ ਵਿਭਿੰਨ ਮਾਨਵੀ ਸਰੋਕਾਰਾਂ, ਸਿਖਿਆਵਾਂ ਤੇ ਉਨ੍ਹਾਂ ਦੀ ਸਮਕਾਲੀ ਪ੍ਰਸੰਗਿਕਤਾ ਦੇ ਸੰਦਰਭ ਵਿਚ ਲਿਖੇ ਗਏ ਹਨ। ਜਿਨ੍ਹਾਂ ਵਿਚੋਂ ਪ੍ਰਸਿੱਧ ਪੰਜਾਬੀ ਆਲੋਚਕ ਅਤੇ ਗੁਰਮਤਿ ਕਾਵਿਧਾਰਾ ਦੇ ਵਿਦਵਾਨ ਪ੍ਰੋ. ਜਗਬੀਰ ਸਿੰਘ ਜੀ ਦਾ **ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕ ਦ੍ਰਿਸ਼ਟੀ**, **ਗੁਰੂ ਨਾਨਕ ਦੇਵ ਜੀ ਦਾ ਜੀਵਨ ਦਰਸ਼ਨ** (ਹਰਮੋਹਿੰਦਰ ਸਿੰਘ ਹਰਜੀ), **ਗੁਰੂ ਨਾਨਕ ਤੇ ਉਨ੍ਹਾਂ ਦੀ ਬਾਣੀ : ਜਪੁਜੀ ਸਾਹਿਬ** (ਜੋਗਿੰਦਰ ਸਿੰਘ ਪਾਂਧੀ), **ਗੁਰੂ ਨਾਨਕ ਬਾਣੀ : ਹਾਸ਼ੀਆਗਤ ਪ੍ਰਵਚਨ** (ਡਾ. ਦਰਿਆ), **ਅਜੋਕੇ ਸਮੇਂ ਵਿਚ ਗੁਰੂ ਨਾਨਕ ਬਾਣੀ ਦੀ ਸਾਰਥਕਤਾ** (ਡਾ. ਰੰਜੂ ਬਾਲਾ), **ਗੁਰੂ ਨਾਨਕ ਬਾਣੀ ਵਿਚ ਦਲਿਤ ਚੇਤਨਾ** (ਲਖਵੀਰ ਸਿੰਘ) **ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਵਰਣਨ** (ਬਲਵਿੰਦਰ ਸਿੰਘ ਬਾਲਮ), **ਗੁਰੂ ਨਾਨਕ ਦੇਵ ਜੀ ਦਾ ਸਮਾਜ ਸੰਕਲਪ** (ਗੁਰਜੰਟ ਸਿੰਘ), **ਜਪੁਜੀ : ਪੰਜ ਖੰਡਾਂ ਦਾ ਸਿਧਾਂਤ** (ਪ੍ਰੋ. ਰਮਨਦੀਪ ਕੌਰ), **ਗੁਰੂ ਨਾਨਕ ਦੇਵ ਜੀ ਦੀ ਪ੍ਰਮੁੱਖ ਵਿਚਾਰਧਾਰਾ** (ਪ੍ਰੋ. ਹਰਕਮਲ ਕੌਰ), **ਗੁਰੂ ਨਾਨਕ ਬਾਣੀ : ਕਿਰਤ ਦਾ ਸੰਕਲਪ** (ਹਰਸਿਮਰਨ ਸਿੰਘ) ਅਤੇ **ਗੁਰੂ ਨਾਨਕ ਦੇਵ ਜੀ ਦੀ ਵਿਦਿਅਕ ਦੇਣ** (ਡਾ. ਅੰਮ੍ਰਿਤ ਕੌਰ ਰੈਣਾ) ਪ੍ਰਮੁੱਖ ਹਨ। ਦੂਸਰੀ ਤਰ੍ਹਾਂ ਦੇ ਉਹ ਲੇਖ ਹਨ ਜਿਨ੍ਹਾਂ ਵਿਚ ਲੇਖਕਾਂ ਨੇ ਗੁਰੂ ਨਾਨਕ ਵਿਚਾਰ ਦੀਆਂ ਸੰਚਾਰ ਜੁਗਤਾਂ ਅਤੇ ਬਾਣੀ ਦੇ ਕਲਾਤਮਕ ਗੁਣਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਹੈ ਜੋ ਇਸ ਪ੍ਰਕਾਰ ਹਨ। **ਗੁਰੂ ਨਾਨਕ ਦੀ ਕਵਿਤਾ ਵਿਚ ਚਿੰਨ੍ਹ-ਵਾਦ** (ਪ੍ਰੋ. ਗੁਰਚਰਨ ਸਿੰਘ ਰੈਣਾ) **ਗੁਰੂ ਨਾਨਕ ਦੀ ਸੰਚਾਰ ਚੇਤਨਾ** (ਡਾ. ਸੁਖਵਿੰਦਰ ਸਿੰਘ), **ਗੁਰੂ ਨਾਨਕ ਬਾਣੀ ਵਿਚ ਸੰਕਲਪੀ ਸੰਵਾਦ : ਸਿੱਧ ਗੋਸ਼ਟਿ ਦੇ ਵਿਸ਼ੇਸ਼ ਸੰਦਰਭ ਵਿਚ** (ਡਾ. ਮਨਜਿੰਦਰ ਸਿੰਘ), **ਸੰਗੀਤ : ਨਾਨਕ ਬਾਣੀ ਦੀ ਪ੍ਰਮੁੱਖ ਸੰਚਾਰ ਜੁਗਤ ਵਜੋਂ** (ਸੰਦੀਪ ਕੌਰ), **ਗੁਰੂ ਨਾਨਕ ਦੇ ਪ੍ਰਚਾਰ ਵਿਚ ਨਾਟਕੀਅਤਾ ਅਤੇ ਸਿੱਧਿ ਸੰਘਰਸ਼ ਦਾ ਸੁਮੇਲ** (ਡਾ. ਕਮਲਦੀਪ ਸਿੰਘ) ਅਤੇ ਤੀਸਰੀ ਤਰ੍ਹਾਂ ਦੇ ਲੇਖਾਂ ਵਿਚ ਉਨ੍ਹਾਂ ਇਤਿਹਾਸਕ ਥਾਵਾਂ ਅਤੇ ਵਿਅਕਤੀਆਂ ਬਾਰੇ ਉਲੇਖ ਮਿਲਦਾ ਹੈ ਜਿਨ੍ਹਾਂ ਦਾ ਕਿਸੇ ਨਾ ਕਿਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧ ਰਿਹਾ ਹੈ। ਇਨ੍ਹਾਂ ਲੇਖਾਂ ਵਿਚ **ਦੀਵਿਆਂ ਦਾ ਤਿਉਹਾਰ ਤੇ ਗੁਰੂ ਨਾਨਕ-ਕਸ਼ਮੀਰ ਪਰਿਪੇਖ** (ਕੰਵਲ ਕਸ਼ਮੀਰੀ), **ਕਰਤਾਰਪੁਰ** (ਡਾ. ਮਨੋਜੀਤ), **ਗੁਰੂ ਨਾਨਕ ਸਾਹਿਬ ਦੇ ਸਫ਼ਰ ਤੇ ਕਸ਼ਮੀਰ ਫੇਰੀ** (ਸ਼ਾਨ ਕਸ਼ਮੀਰੀ), **ਗੁਰੂ ਨਾਨਕ ਦੇਵ ਜੀ : ਕਸ਼ਮੀਰ ਫੇਰੀ** (ਰਤਨ ਸਿੰਘ ਕੰਵਲ ਪਹਿਲਗਾਮੀ), **ਗੁਰੂ ਨਾਨਕ ਦੇ ਮੁਸਲਮਾਨ ਉਪਾਸਕ** (ਜਸਵੀਰ ਸਿੰਘ ਸਰਨਾ) ਅਤੇ **ਗੁਰੂ ਨਾਨਕ ਦੀ ਪਹਿਲੀ ਦਰਸ਼ਨਕਰਤਾ : ਦੌਲਤਾਂ ਦਾਈ** (ਡਾ. ਰਾਜਵੰਤ ਕੌਰ ਪੰਜਾਬੀ) ਪ੍ਰਮੁੱਖ ਹਨ।

ਉਪਰੋਕਤ ਸਾਰੇ ਲੇਖਾਂ ਵਿਚੋਂ ਬਹੁਤੇ ਲੇਖ ਭਾਵੇਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ, ਦਾਰਸ਼ਨਿਕ ਦ੍ਰਿਸ਼ਟੀ, ਕਾਵਿ ਕਲਾ ਅਤੇ ਇਤਿਹਾਸ ਸੰਬੰਧੀ ਪੂਰਵ ਨਿਸ਼ਚਿਤ ਧਾਰਨਾਂਵਾਂ ਅਤੇ ਪ੍ਰਚਿਲਤ ਕਥਾਵਾਂ ਦਾ ਅਨੁਸਰਨ ਮਾਤਰ ਹੀ ਹਨ ਪਰ ਕੁੱਝ ਲੇਖਾਂ ਵਿਚ ਬਹੁਤ ਹੀ ਮੌਲਿਕ ਅਤੇ ਮਹਤਵਪੂਰਣ ਨੁਕਤੇ ਪਾਠਕਾਂ ਦਾ ਧਿਆਨ ਕੇਂਦਰਿਤ ਕਦੇ ਹਨ ਜੋ ਅਸਲ ਵਿਚ ਇਸ ਵਿਸ਼ੇਸ਼ ਅੰਕ ਦਾ ਹਾਸਿਲ ਬਣਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾ ਅਤੇ ਮੱਹਤਵਪੂਰਣ ਲੇਖ ਪ੍ਰੋ. ਜਗਬੀਰ ਸਿੰਘ ਜੀ ਦਾ **ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕ ਦ੍ਰਿਸ਼ਟੀ** ਹੈ। ਉਹ ਇਸ ਲੇਖ ਵਿਚ ਗੁਰੂ ਨਾਨਕ ਬਾਣੀ ਦੇ ਹਵਾਲੇ ਨਾਲ ਗੁਰੂ ਜੀ ਦੀ ਕਾਵਿ ਚੇਤਨਾ ਦਾ ਮੂਲ ਆਧਾਰ ਪਰਮਾਰਥ ਚਿੰਤਨ ਅਤੇ ਦੈਵੀ ਸੱਤਾ ਨੂੰ ਮੰਨਦੇ ਹਨ ਅਤੇ ਆਪਣੇ ਅਧਿਐਨ ਰਾਹੀਂ ਹੀ ਇਹ ਵੀ ਸਪਸ਼ਟ

ਕਰ ਦਿੰਦੇ ਹਨ ਕਿ ਜੀਵ ਅਤੇ ਜਗਤ ਦੀ ਵਿਆਖਿਆ ਇਸ ਪਾਰਗਾਮੀ ਦੈਵੀ ਸੱਤਾ ਦੇ ਪਰਮ ਸੱਚ ਦੇ ਹਵਾਲੇ ਨਾਲ ਕਰਨ ਦੀ ਰੁਚੀ ਹੀ ਗੁਰੂ ਨਾਨਕ ਦੇਵ ਜੀ ਦਾ ਕਾਵਿਕ ਮੈਨੀਫੈਸਟੋ ਬਣਦੀ ਹੈ। ਉਨ੍ਹਾਂ ਅਨੁਸਾਰ "ਗੁਰੂ ਨਾਨਕ ਦੇਵ ਨੇ ਜੀਵਨ ਦੇ ਲੌਕਿਕ ਸਰੋਕਾਰਾਂ ਨੂੰ ਰੂਹਾਨੀ ਦ੍ਰਿਸ਼ਟੀ ਤੋਂ ਪੁਨਰ-ਪ੍ਰਭਾਸ਼ਿਤ ਕਰਦਿਆਂ ਸੰਤੁਲਿਤ ਜੀਵਨ-ਜਾਚ ਦਾ ਸੰਦੇਸ਼ ਸੰਚਾਰਿਤ ਕੀਤਾ ਹੈ। ਇਸ ਗੱਲ ਦੀ ਤੁਲਨਾ ਅਸੀਂ ਭਾਰਤੀ ਦਾਰਸ਼ਨਿਕ ਅਤੇ ਧਾਰਮਿਕ ਪਰੰਪਰਾ ਦੇ ਉਨ੍ਹਾਂ ਚਾਰ ਪਰਮ-ਆਦਰਸ਼ਾਂ ਨਾਲ ਕਰ ਸਕਦੇ ਹਾਂ ਜੋ ਮਨੁੱਖੀ ਜੀਵਨ ਨੂੰ ਭਰਪੂਰਤਾ ਨਾਲ ਜਿਉਣ ਦੀ ਚੇਤਨਾ ਜਗਾਉਂਦੇ ਹਨ। ਇਹ ਚਾਰ ਪਰਮ-ਆਦਰਸ਼ ਹਨ ਧਰਮ, ਅਰਥ, ਕਾਮ ਅਤੇ ਮੋਕਸ਼। ਬਾਣੀਕਾਰਾਂ ਨੇ ਇਨ੍ਹਾਂ ਚਾਰ ਪਰਮ-ਆਦਰਸ਼ਾਂ ਨੂੰ ਚਾਰ ਪਦਾਰਥ ਆਖਿਆ ਹੈ।" ਆਪਣੇ ਇਸ ਲੇਖ ਵਿਚ ਪ੍ਰੋ. ਜਗਬੀਰ ਸਿੰਘ ਨੇ ਗੁਰੂ ਨਾਨਕ ਦੇਵ ਰਚਿਤ ਮੂਲ ਮੰਤ੍ਰ ਨੂੰ ਸਿੱਖ ਥਿਆਲੋਜੀ ਦੀ ਬੁਨੀਆਦ ਸਵਿਕਾਰਦੇ ਹਨ। ਗੁਰੂ ਜੀ ਵਲੋਂ ਮੂਲ ਮੰਤਰ ਦੇ ੧ਓ ਦੇ ਰੂਪ ਵਿਚ ਦੈਵੀ ਸੱਤਾ ਜਾਂ ਬ੍ਰਹਮ ਨੂੰ ਸਰਬ ਸ਼ਕਤੀਮਾਣ ਅਤੇ ਸਰਬ ਵਿਆਪਕ ਮੰਨਦੇ ਹਨ ਅਤੇ ਇਸਦੇ ਨਾਲ ਹੀ ਉਹਨਾਂ ਦਾ ਇਹ ਵੀ ਮੰਨਣਾ ਹੈ ਕਿ ਗੁਰੂ ਨਾਨਕ ਬਾਣੀ ਦੇ ਸਿਰਜਿਤ ਪ੍ਰਵਚਨ ਵਿਚ ਜੀਵ ਅਤੇ ਜਗਤ ਦੇ ਸੰਕਲਪ ਵੀ ਕੇਂਦਰੀ ਮਹੱਤਵ ਰਖਦੇ ਹਨ। ਗੁਰੂ ਨਾਨਕ ਬਾਣੀ ਵਿਚਲੇ ਕੂੜ ਅਤੇ ਸਚੁ ਦੇ ਸੰਕਲਪ, ਜਗਤ ਅਤੇ ਬ੍ਰਹਮ ਦੇ ਲਖਾਇਕ ਹਨ। ਸੱਚ ਭਾਵ ਬ੍ਰਹਮ ਵਿਚ ਅਭੇਦਤਾ ਹੀ ਜੀਵ ਦਾ ਪਰਮ ਲਕਸ਼ ਹੈ ਕਿਉਂਕਿ ਸੱਚ ਵਿਚ ਅਭੇਦ ਹੋਈ ਚੇਤਨਾ ਹਉਮੈ ਦਾ ਤਿਆਗ ਕਰਕੇ ਨਿੱਜ ਦੀ ਥਾਂ ਸਰਬ-ਹਿਤ ਦੀ ਗਲ ਸੋਚਦੀ ਹੈ। ਗੁਰੂ ਜੀ ਨੇ ਹੁਕਮ ਅਤੇ ਰਜ਼ਾ ਵਿਚ ਚੱਲਣ ਨੂੰ ਹੀ ਕੂੜ ਅਤੇ ਸੱਚ ਦੇ ਵਿਚਲੀ ਵਿੱਥ ਨੂੰ ਮੇਟਣ ਦਾ ਆਧਾਰ ਮੰਨਿਆ ਹੈ। ਪ੍ਰੋ. ਜਗਬੀਰ ਸਿੰਘ ਅਨੁਸਾਰ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਅਤੇ ਰਹੱਸਵਾਦੀ ਅਨੁਭਵ ਦਾ ਨੈਤਿਕ ਪੱਖ ਸਮੂਚੀ ਮਾਨਵਤਾ ਲਈ ਸੱਚ ਆਧਾਰਿਤ ਸਰਵੋਤਮ ਕਦਰਾਂ-ਕੀਮਤਾਂ ਨੂੰ ਉਤਸਾਹਿਤ ਕਰਦਾ ਹੈ ਅਤੇ ਨਿਰੋਲ ਨਿੱਜਵਾਦੀ ਜਾਂ ਹਉਮੈ ਧਾਰੀ ਜੀਵਨ ਵਿਧੀ ਦੀ ਥਾਂ ਸਮਾਜਿਕ ਰਿਸ਼ਤਿਆਂ ਵਿਚ ਇਕਸੁਰਤਾ ਸਥਾਪਿਤ ਕਰਨ ਦਾ ਉਪਦੇਸ਼ ਦਿੰਦਾ ਹੋਇਆ ਪਰਸਪਰ ਸਾਂਝ ਅਤੇ ਸੁਹਿਰਦਤਾ ਦੇ ਜੀਵਨ ਮਾਰਗ ਨੂੰ ਅਪਣਾਉਣ ਦੀ ਸੋਝੀ ਕਰਵਾਉਂਦਾ ਹੈ।

ਕੁਝ ਇਹੋ ਜਿਹੇ ਹੀ ਵਿਚਾਰ ਹਰਮੋਹਿੰਦਰ ਸਿੰਘ ਹਰਜੀ ਦੇ ਲੇਖ ਗੁਰੂ ਨਾਨਕ ਦੇਵ ਜੀ ਦਾ ਜੀਵਨ ਦਰਸ਼ਨ, ਵਿਚ ਵੀ ਦੇਖਣ ਨੂੰ ਮਿਲਦੇ ਹਨ। ਹਰਜੀ ਆਪਣੇ ਇਸ ਲੇਖ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਭਾਰਤ ਦੀ ਤਰਸਯੋਗ ਹਾਲਤ ਦਾ ਜਿਕਰ ਕਰਦਿਆਂ ਇਸ ਹਾਲਤ ਲਈ ਉਸ ਸਮੇਂ ਦੇ ਧਾਰਮਿਕ ਆਗੂਆਂ ਦੀ ਭੂਮਿਕਾ ਦਾ ਉਲੇਖ ਕਰਦਾ ਹੈ। ਉਹ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਨੂੰ ਅਖੌਤੀ ਧਾਰਮਿਕ ਆਗੂਆਂ ਦੇ ਮਾਨਵਤਾ ਵਿਰੋਧੀ ਕਿਰਦਾਰਾਂ, ਆਡੰਬਰਾਂ, ਪਖੰਡਾਂ, ਸੁੱਚ-ਭਿੱਟ, ਵਰਣ ਤੇ ਲਿੰਗ ਭੇਦ, ਧਾਰਮਿਕ ਵਿਰੋਧਤਾ, ਕਟੜਤਾ ਅਤੇ ਅਸਹਿਨਸ਼ੀਲਤਾ ਆਦਿ ਦੇ ਪ੍ਰਤੀਰੋਧ ਵਜੋਂ ਹੀ ਨਹੀਂ ਦੇਖਦਾ ਬਲਕਿ ਅਜਿਹੇ ਆਦਰਸ਼ਾਂ ਦੇ ਰੂਪ ਵਿਚ ਬਿਆਨ ਕਰਦਾ ਹੈ ਜੋ ਮਨੁੱਖ ਦੇ ਵਿਅਕਤੀਗਤ ਅਤੇ ਸਮਾਜਿਕ ਕਿਰਦਾਰ ਨੂੰ ਇਕਸਾਰ ਸੰਤੁਲਤ ਕਰ ਦਿੰਦੇ ਹਨ।

ਇਥੇ ਡਾ. ਦਰਿਆ ਦੇ ਲੇਖ ਗੁਰੂ ਨਾਨਕ ਬਾਣੀ : ਹਾਸ਼ੀਆਗਤ ਪ੍ਰਵਚਨ ਅਤੇ ਲਖਵੀਰ ਸਿੰਘ ਦੇ ਲੇਖ ਗੁਰੂ ਨਾਨਕ ਬਾਣੀ ਵਿਚ ਦਲਿਤ ਚੇਤਨਾ ਦਾ ਜ਼ਿਕਰ ਕਰਨਾ ਵੀ ਲਾਜ਼ਮੀ ਹੈ। ਡਾ. ਦਰਿਆ ਅਤੇ ਲਖਵੀਰ ਸਿੰਘ ਆਪਣੇ-ਆਪਣੇ ਲੇਖਾਂ ਵਿਚ ਕਿਸੇ ਵਿਅਕਤੀ ਜਾਂ ਸਮੂਹ ਜਾਂ ਸਮਾਜਿਕ ਵਰਗ ਦੀ ਹਾਸ਼ੀਆਗਤ ਸਥਿਤੀ ਸੰਬੰਧੀ ਕੁੱਝ ਬੁਨਿਆਦੀ ਕਾਰਨਾਂ ਅਤੇ

ਧਾਰਨਾਵਾਂ ਦਾ ਉਲੇਖ ਕਰਦੇ ਹੋਏ ਗੁਰੂ ਨਾਨਕ ਬਾਣੀ ਨੂੰ ਅਜਿਹੇ ਕਾਵਿ ਪ੍ਰਵਚਣ ਵਜੋਂ ਸਵਿਕਾਰਦੇ ਹਨ ਜੋ ਮੱਧਕਾਲੀਨ ਸਮਾਜ-ਸਭਿਆਚਾਰਕ ਪਰਿਸਥਿਤੀਆਂ ਦੇ ਸੰਦਰਭ ਵਿਚ ਹਾਸ਼ੀਆਗਤ ਐਲਾਨੇ ਗਏ ਜਨ ਸਮੂਹਾਂ ਜਾਂ ਸਮਾਜਿਕ ਵਰਗਾਂ ਜਿਵੇਂ ਔਰਤਾਂ ਅਤੇ ਵਰਣ ਵਿਵਸਥਾ ਕਰਕੇ ਹਾਸ਼ੀਏ ਤੇ ਧੱਕੇ ਗਏ ਕਥਿਤ ਸ਼ੂਦਰਾਂ ਨਾਲ ਅਪਣਾ ਸੰਬੰਧ ਸਥਾਪਿਤ ਕਰਦਾ ਅਤੇ ਇਨ੍ਹਾਂ ਹਾਸ਼ੀਅਗਤ ਵਰਗਾਂ ਅਤੇ ਜਨ ਸਮੂਹਾਂ ਦੀ ਆਵਾਜ਼ ਵੀ ਬਣਦਾ ਹੈ। ਗੁਰਜੰਟ ਸਿੰਘ ਨੇ ਆਪਣੇ ਲੇਖ **ਗੁਰੂ ਨਾਨਕ ਦੇਵ ਜੀ ਦਾ ਸਮਾਜ ਸੰਕਲਪ** ਵਿਚ ਤੱਤਕਾਲੀਨ ਸਮਾਜਿਕ ਸੰਸਥਾਵਾਂ ਵਿਚ ਆਈ ਨੈਤਿਕ ਗਿਰਾਵਟ ਕਾਰਨ ਪੈਦਾ ਹੋਏ ਸਮਾਜਿਕ ਸੰਕਟਾਂ ਬਾਰੇ ਜ਼ਿਕਰ ਕਰਦਿਆਂ ਗੁਰੂ ਨਾਨਕ ਬਾਣੀ ਦੇ ਹਵਾਲੇ ਨਾਲ ਇਹ ਦਰਸ਼ਾਇਆ ਹੈ ਕੀ ਮਾਨਸਿਕ ਪੱਧਰ ਉਤੇ ਨਾਂ ਪਖੀ ਵਿਚਾਰਾਂ ਨਾਲ ਪ੍ਰਣਾਇਆ ਹੋਇਆ ਮਨੁੱਖ ਹੀ ਇਸ ਦਾ ਪ੍ਰਮੁੱਖ ਕਾਰਨ ਹੈ, ਜਿਸ ਨੂੰ ਮਨਮੁੱਖ ਕਿਹਾ ਜਾ ਸਕਦਾ ਹੈ ਅਤੇ ਇਸ ਦਾ ਹੱਲ ਗੁਰਮੁੱਖ ਰੂਪੀ ਇਕ ਅਜਿਹੇ ਸ਼ਕਤੀਸ਼ਾਲੀ ਸੰਕਲਪ ਦੇ ਰੂਪ ਵਿਚ ਹੈ ਜੋ ਇਕ ਆਦਰਸ਼ਕ ਸਮਾਜ ਦੇ ਨਿਰਮਾਣ ਲਈ ਨਿਰਣਾਇਕ ਭੂਮਿਕਾ ਨਿਭਾਉਂਦਾ ਹੈ। ਡਾ. ਗੁਰਜੰਟ ਅਨੁਸਾਰ "ਗੁਰੂ ਨਾਨਕ ਦੇਵ ਜੀ ਨੇ "ਮਨਮੁੱਖ ਮਨੁੱਖ ਦੇ ਪ੍ਰਤੀਰੋਧ ਵਿਚ ਗੁਰਮੁੱਖ ਦੇ ਮਾਡਲ ਨੂੰ ਸਿਰਜ ਕੇ ਆਮ ਲੋਕਾਈ ਵਿਚ ਧਾਰਮਿਕ ਭਾਵ ਤੋਂ ਹੀ ਸਮਾਜਿਕ ਚੇਤਨਾ ਦਾ ਸੰਚਾਰ ਕਰਨਾ ਸ਼ੁਰੂ ਕੀਤਾ। ਗੁਰੂ ਜੀ ਨੇ ਗੁਰਮੁੱਖ ਦਾ ਮਾਡਲ ਅਜਿਹੇ ਸੱਚੇ ਸੁੱਚੇ ਪੁਰਖ ਦਾ ਉਸਾਰਿਆ ਹੈ ਜੋ ਆਪਣੇ ਹੱਕਾਂ ਪ੍ਰਤੀ ਹੀ ਸੁਚੇਤ ਨਹੀਂ ਹੁੰਦਾ ਸਗੋਂ ਦੂਸਰੇ ਦੇ ਹੱਕਾਂ ਦੀ ਰਾਖੀ ਲਈ ਵੀ ਤੱਤਪਰ ਰਹਿੰਦਾ ਹੈ। ਜੰਮੂ ਕਸ਼ਮੀਰ ਦੇ ਪ੍ਰਤੀਵੱਧ ਸਾਹਿਤਕਾਰ ਜੋਗਿੰਦਰ ਸਿੰਘ ਪਾਂਧੀ ਤੇ ਪ੍ਰੋ. ਰਮਨਦੀਪ ਕੌਰ ਨੇ ਆਪਣੇ ਲੇਖਾਂ ਵਿਚ ਜਪੁਜੀ ਸਾਹਿਬ ਵਿਚਲੇ ਪੰਜਾਂ ਖੰਡਾਂ ਨੂੰ ਮਨੁੱਖ ਦੇ ਆਤਮਿਕ ਵਿਕਾਸ ਦੇ ਵਿਭਿੰਨ ਪੜਾਵਾਂ ਵਜੋਂ ਸਵਿਕਾਰਦੇ ਹੋਏ ਇਕ ਜਗਿਆਸੂ ਲਈ ਪ੍ਰਭੂ-ਮਿਲਾਪ ਦੀ ਮੰਜਿਲ ਤੇ ਪਹੁੰਚਣ ਦਾ ਇਕ ਸਫ਼ਲ ਸਾਧਨ ਮੰਨਿਆ ਹੈ। ਇਨ੍ਹਾਂ ਲੇਖਾਂ ਵਿਚ ਇਕ ਮੱਹਤਵਪੂਰਨ ਲੇਖ ਡਾ. ਰੰਜੂ ਬਾਲਾ ਦਾ ਹੈ ਜਿਸ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਅਤੇ ਸਿਖਿਆਵਾਂ ਦੀ ਸਮਾਕਲੀ ਦੌਰ ਵਿਚ ਸਾਰਥਿਕਤਾ ਬਾਰੇ ਚਰਚਾ ਕੀਤੀ ਹੈ। ਮਧਕਾਲੀ ਦੌਰ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਜਿਵੇਂ ਅਸਹਿਣਸ਼ੀਲਤਾ, ਸੰਪ੍ਰਦਾਇਕਤਾ, ਅਸਮਾਨਤਾ, ਨਸ਼ਾ, ਭ੍ਰਿਸ਼ਟਾਚਾਰ, ਬਹੁ-ਸੰਖਿਆਵਾਦ ਅਤੇ ਸੰਪ੍ਰਦਾਇਕ ਰਾਜਨੀਤੀ ਆਦਿ ਅਜੋਕੇ ਪੂੰਜੀਵਾਦੀ ਦੌਰ ਵਿਚ ਵਿਕਰਾਲ ਰੂਪ ਧਾਰਨ ਕਰ ਚੁਕੀਆਂ ਹਨ। ਡਾ. ਰੰਜੂ ਬਾਲਾ ਨੇ ਇਨ੍ਹਾਂ ਸਮੱਸਿਆਵਾਂ ਦੀ ਗਤੀਸ਼ੀਲਤਾ, ਤੀਬਰਤਾ ਅਤੇ ਕਾਰਨਾਂ ਨੂੰ ਬਿਆਨ ਕਰਦੇ ਹੋਏ ਇਨ੍ਹਾਂ ਦਾ ਹਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੇ ਏਕਤਾ, ਸਮਾਨਤਾ, ਨਿਰਭੈਤਾ, ਨਿਮਰਤਾ ਅਤੇ ਰੱਬੀ ਇਕਸੁਰਤਾ ਦੇ ਸੰਦੇਸ਼ ਨੂੰ ਮੰਨਿਆ ਹੈ। ਇਨ੍ਹਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅੱਜ ਦੇ ਸਮਾਜ ਲਈ ਵੀ ਉਨੇ ਹੀ ਪ੍ਰਸੰਗਿਕ ਅਤੇ ਸਾਰਥਿਕ ਹਨ ਜਿੰਨੇ ਮੱਧਕਾਲੀਨ ਸਮਾਜ ਲਈ ਸਨ। ਹਰਸਿਮਰਨ ਸਿੰਘ ਆਪਣੇ ਪਰਚੇ ਲਈ ਗੁਰਮਤਿ ਦੇ ਮੁੱਢਲੇ ਸਿਧਾਂਤਾਂ ਵਿਚੋਂ ਇਕ ਕਿਰਤ ਦੇ ਸਿਧਾਂਤ ਨੂੰ ਆਧਾਰ ਬਣਾਉਂਦਾ ਹੈ। ਉਹ ਬਾਣੀ ਦੇ ਹਵਾਲੇ ਨਾਲ ਸਪਸ਼ਟ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੱਚੀ ਸੁੱਚੀ ਕਿਰਤ ਨੂੰ ਹੀ ਸੰਸਾਰਕ ਅਤੇ ਪ੍ਰਮਾਰਥਕ ਉਨਤੀ ਦਾ ਪ੍ਰਮੁੱਖ ਸਾਧਨ ਮੰਨਿਆ ਹੈ। ਡਾ. ਅੰਮ੍ਰਿਤ ਕੌਰ ਰੈਣਾ ਦਾ ਲੇਖ ਗੁਰੂ ਨਾਨਕ ਬਾਣੀ ਵਿਚ ਦਰਸ਼ਾਏ ਵਿਦਿਆ ਦੇ ਮਹੱਤਵ ਉਤੇ ਰੋਸ਼ਨੀ ਪਾਉਂਦਾ ਹੈ।

ਇਨ੍ਹਾਂ ਲੇਖਾਂ ਤੋਂ ਇਲਾਵਾ ਦੂਸਰੀ ਤਰ੍ਹਾਂ ਦੇ ਲੇਖ ਗੁਰੂ ਨਾਨਕ ਕਾਵਿ ਦੀਆਂ ਕਲਾਤਮਕ ਅਤੇ ਸੰਚਾਰ ਜੁਗਤਾਂ ਦੀ ਵਿਆਖਿਆ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚੋਂ ਡਾ. ਮਨਜਿੰਦਰ ਸਿੰਘ (ਗੁਰੂ ਨਾਨਕ ਦੇਵ ਯੂਨੀਵਰਸਿਟੀ) ਦਾ **ਗੁਰੂ ਨਾਨਕ ਬਾਣੀ ਵਿਚ ਸੰਕਲਪੀ ਸੰਵਾਦ : ਸਿੱਧ**

ਗੋਸ਼ਟਿ ਦੇ ਵਿਸ਼ੇਸ਼ ਸੰਦਰਭ ਵਿਚ ਅਤੇ ਡਾ. ਕਮਲਦੀਪ ਸਿੰਘ ਦਾ ਗੁਰੂ ਨਾਨਕ ਦੇ ਪ੍ਰਚਾਰ ਵਿਚ ਨਾਟਕੀਅਤਾ ਅਤੇ ਸਿੱਧੇ ਸੰਘਰਸ਼ ਦਾ ਸੁਮੇਲ ਬਹੁਤ ਮਹੱਤਵਪੂਰਨ ਹਨ। ਡਾ. ਮਨਜਿੰਦਰ ਸਿੰਘ ਨੇ ਆਪਣੇ ਲੇਖ ਵਿਚ ਜੋਗ ਮੱਤ ਦੇ ਪਰੰਪਰਾਗਤ ਸਰੂਪ ਨਾਲ ਸੰਬੰਧਿਤ, ਜੋਗ, ਮੁੰਦ੍ਰਾ, ਝੋਲੀ, ਖਿੰਥਾ, ਖੱਪਰ, ਟੋਪੀ, ਜਗੋਟੀ, ਸੂਰਜ ਅਤੇ ਚੰਦਰਮਾਂ ਜਿਹੇ ਵਿਭਿੰਨ ਸੰਕਲਪਾਂ ਨੂੰ ਸਪਸ਼ਟ ਕਰਦਿਆਂ ਦਸਿਆ ਹੈ ਕਿ ਗੁਰੂ ਜੀ ਨੇ ਸਿੱਧ ਗੋਸਟਿ ਵਿਚ ਇਨ੍ਹਾਂ ਸੰਕਲਪਾਂ ਦੇ ਪ੍ਰਤੀਰੋਧ ਵਿਚ ਇਨ੍ਹਾਂ ਹੀ ਸੰਕਲਪਾਂ ਨੂੰ ਪੁਨਰ ਪ੍ਰਭਾਸ਼ਿਤ ਕਰਕੇ ਜੋਗੀਆਂ ਨੂੰ ਇਕ ਵਾਸਤਵਿਕ ਜੋਗੀ ਦੇ ਧਰਮ ਅਤੇ ਕਰਮ ਖੇਤਰ ਨਾਲ ਰੂਬਰੂ ਕਰਵਾਇਆ ਅਤੇ ਇਹ ਉਪਦੇਸ਼ ਦਿੱਤਾ ਕਿ ਘਰ ਬਾਹਰ ਤਿਆਗ ਕੇ ਸੰਸਾਰਿਕ ਜੀਵਨ ਤੋਂ ਦੂਰੀ ਬਣਾਉਨ ਦੀ ਥਾਂ ਸੰਸਾਰਿਕ ਜੀਵਨ ਦਾ ਹਿੱਸਾ ਬਣਕੇ, ਨਾਮ ਜੱਪਣਾ ਅਤੇ ਆਤਮ ਸ਼ੁੱਧੀ ਵਾਲਾ ਜੀਵਨ ਜੀਉਣਾ ਹੀ ਅਸਲ ਜੋਗ ਹੈ। ਡਾ. ਕਮਲਦੀਪ ਸਿੰਘ ਦਾ ਲੇਖ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਾਖੀਆਂ ਅਤੇ ਵਿਭਿੰਨ ਪ੍ਰਚਲਿਤ ਕਥਾਵਾਂ ਦੇ ਹਵਾਲੇ ਨਾਲ ਗੁਰੂ ਜੀ ਦੇ ਪ੍ਰਚਾਰ ਢੰਗ ਦੀ ਵਿਲਖਣਤਾ ਬਾਰੇ ਹੈ। ਡਾ. ਕਮਲਦੀਪ ਅਨੁਸਾਰ ਗੁਰੂ ਜੀ ਆਪਣੇ ਸਮੇਂ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਪ੍ਰਸਥਿਤੀਆਂ ਅਤੇ ਕਰਮ ਕਾਂਡਾਂ ਨੂੰ ਵਿਸ਼ੇਸ਼ ਨਾਟਕੀ ਅੰਦਾਜ਼ ਨਾਲ ਸੰਬੋਧਨ ਹੁੰਦੇ ਸਨ। ਇਹ ਨਾਟਕੀ ਅੰਦਾਜ਼ ਹੀ ਉਨ੍ਹਾਂ ਦੇ ਪ੍ਰਚਾਰ ਦੀ ਸਫ਼ਲਤਾ ਦਾ ਇਕ ਪ੍ਰਮੁੱਖ ਕਾਰਨ ਬਣਦਾ ਹੈ। ਪ੍ਰੋ. ਗੁਰਚਰਨ ਸਿੰਘ ਰੈਣਾ ਨੇ ਬਹੁਤ ਹੀ ਸੰਖੇਪ ਜਿਹੇ ਸ਼ਬਦਾਂ ਵਿਚ ਗੁਰੂ ਨਾਨਕ ਕਾਵਿ ਦੇ ਚਿੰਨ੍ਹ ਵਿਧਾਨ ਬਾਰੇ ਚਰਚਾ ਕਰਦਿਆਂ ਇਨ੍ਹਾਂ ਦੀ ਵਰਤੋਂ ਨੂੰ ਗੁਰੂ ਜੀ ਦੀ ਕਾਵਿ ਸ਼ੈਲੀ ਦਾ ਅਮੀਰ ਗੁਣ ਮੰਨਿਆ ਹੈ। ਬਲਵਿੰਦਰ ਬਾਲਮ ਦਾ ਲੇਖ ਗੁਰੂ ਨਾਨਕ ਦੇਵ ਜੀ ਦੀ ਪ੍ਰਤੀਕ ਯੋਜਨਾ ਦੇ ਸੰਬੰਧ ਵਿਚ ਹੈ ਜਿਸ ਵਿਚ ਉਨ੍ਹਾਂ ਨੇ ਗੁਰੂ ਨਾਨਕ ਬਾਣੀ ਦੀਆਂ ਵਿਭਿੰਨ ਉਦਾਹਰਨਾਂ ਰਾਹੀਂ ਗੁਰੂ ਜੀ ਵਲੋਂ ਵਰਤੇ ਬਹੁਤ ਸਾਰੇ ਕੁਦਰਤੀ ਬਿੰਬਾਂ ਅਤੇ ਪ੍ਰਤੀਕਾਂ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਨਾਲ ਇਨ੍ਹਾਂ ਦੇ ਦਾਰਸ਼ਨਿਕ ਮੱਹਤਵ ਬਾਰੇ ਵੀ ਰੋਸ਼ਣੀ ਪਾਈ ਹੈ ਅਤੇ ਸੰਦੀਪ ਕੌਰ ਨੇ ਨੂੰ ਗੁਰੂ ਨਾਨਕ ਬਾਣੀ ਦੀ ਇਕ ਪ੍ਰਮੁੱਖ ਸੰਚਾਰ ਜੁਗਤ ਵਜੋਂ ਸੰਗੀਤ ਦੇ ਮਹੱਤਵ ਅਤੇ ਪੈਰਾਡਾਇਮ ਬਾਰੇ ਚਰਚਾ ਕੀਤੀ ਹੈ। ਉਨ੍ਹਾਂ ਅਨੁਸਾਰ ਗੁਰੂ ਜੀ ਨੇ ਸੰਗੀਤ ਨੂੰ ਵਿਸ਼ੇਸ਼ ਸ੍ਰੋਤਿਆਂ ਜਾਂ ਲੋਕਾਂ ਦੀ ਵਲਗਣ ਵਿਚੋਂ ਕੱਢ ਕੇ ਆਮ ਲੋਕਾਈ ਦੇ ਸੁਹਜ ਲਈ ਵਰਤਿਆ। ਗੁਰੂ ਨਾਨਕ ਬਾਣੀ ਦਾ ਸਮੂਚਾ ਸੰਗੀਤ ਪ੍ਰਬੰਧ ਭਾਰਤੀ ਸ਼ਾਸਤ੍ਰੀ ਸੰਗੀਤ ਦੇ ਵਿਭਿੰਨ ਰਾਗਾਂ ਅਤੇ ਵਿਭਿੰਨ ਲੋਕ-ਸੰਗੀਤ ਸ਼ੈਲੀਆਂ ਦਾ ਵਿਲਖਣ ਸੁਮੇਲ ਮੰਨਿਆ ਜਾ ਸਕਦਾ ਹੈ।

ਇਸ ਅੰਕ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਕਸ਼ਮੀਰ ਫੇਰੀਆਂ ਨਾਲ ਸੰਬੰਧਤ ਤਿੰਨ ਲੇਖ ਦਰਜ਼ ਹਨ। ਕਵੰਲ ਕਸ਼ਮੀਰੀ ਨੇ ਕਸ਼ਮੀਰ ਵਿਚ ਜਿਹਲਮ ਦਰਿਆ ਦੇ ਪੁਨਰ ਜਨਮ ਦੀ ਖੁਸ਼ੀ ਵਜੋਂ ਵਿਚ ਮਨਾਏ ਜਾਂਦੇ ਦੀਵਿਆਂ ਦੇ ਤਿਉਹਾਰ ਦਾ ਜ਼ਿਕਰ ਕੀਤਾ ਹੈ ਅਤੇ ਆਪਣੇ ਲੇਖ ਵਿਚ ਇਹ ਦਾਅਵਾ ਵੀ ਕੀਤਾ ਹੈ ਇਸ ਤਿਉਹਾਰ ਨੂੰ ਗੁਰੂ ਜੀ ਨੇ ਆਪ ਦੇਖਿਆ ਅਤੇ ਇਸ ਤਿਉਹਾਰ ਦੌਰਾਣ ਜਿਹਲਮ ਵਿਚ ਜਗਾਏ ਜਾਣ ਵਾਲੇ ਦੀਵਿਆਂ ਦੀ ਸਮੂਚੀ ਪ੍ਰਕਿਰਿਆ ਨੂੰ ਰਾਮਕਲੀ ਵਿਚ ਰਚੇ ਸ਼ਬਦ,

ਸੁਰਤੀ ਸੁਰਤਿ ਰਲਾਈਐ ਏਤੁ॥
ਤਨੁ ਕਰ ਤੁਲਹਾ ਲੰਘਹਿ ਜੇਤੁ॥
ਅੰਤਰਿ ਭਾਹਿ ਤਿਸੈ ਤੂ ਰਖੁ॥
ਅਹਿਨਿਸ ਦੀਵਾ ਬਲੈ ਅਥਕੁ॥1॥

ਰਾਹੀਂ ਦੀਵੇ ਨੂੰ ਵਿਸਮਾਦੀ ਗਿਆਨ ਦੇ ਪ੍ਰਤੀਕ ਵਜੋਂ ਪੁਨਰ ਸੰਕਲਪਿਤ ਕਰਕੇ ਏਕਤਾ ਦਾ ਸੁਨੇਹਾ ਦਿੱਤਾ। ਇਸੇ ਤਰ੍ਹਾਂ ਡਾ. ਜੋਗਿੰਦਰ ਸਿੰਘ ਸ਼ਾਨ ਕਸ਼ਮੀਰੀ ਅਤੇ ਸ. ਰਤਨ ਸਿੰਘ ਪਹਿਲਗਾਮੀ ਨੇ ਇਤਿਹਾਸਕ ਸ੍ਰੋਤਾਂ ਦੇ ਹਵਾਲੇ ਨਾਲ ਗੁਰੂ ਨਾਨਕ ਦੇਵ ਜੀ ਦੁਆਰਾ ਕਸ਼ਮੀਰ ਵਿਚ ਵੱਖ-ਵੱਖ ਥਾਵਾਂ ਜਿਵੇਂ ਮਟਨ, ਪਹਿਲਗਾਮ, ਨਾਗਬਲ, ਅਨੰਤਨਾਗ, ਬਾਮਜ਼ੂ, ਬਡਗਾਮ, ਅਵੰਤੀਪੁਰਾ ਅਤੇ ਲੇਹ ਆਦਿ ਤੇ ਜਾਕੇ ਕੀਤੇ ਪ੍ਰਚਾਰ ਦਾ ਜ਼ਿਕਰ ਕੀਤਾ ਹੈ। ਜਸਵੀਰ ਸਿੰਘ ਸਰਨਾ ਨੇ ਆਪਣੇ ਲੇਖ ਵਿਚ ਗੁਰੂ ਨਾਨਕ ਦੇਵ ਜੀ ਦੇ ਮੁਸਲਮਾਨ ਉਪਾਸਕਾਂ ਦਾ ਉਲੇਖ ਕੀਤਾ ਹੈ ਜੋ ਗੁਰੂ ਜੀ ਦੇ ਜੀਵਨ ਕਾਲ ਅਤੇ ਉਦਾਸੀਆਂ ਦੌਰਾਨ ਸੰਪਰਕ ਵਿਚ ਆਏ ਅਤੇ ਉਨ੍ਹਾਂ ਦੇ ਅਨੁਆਈ ਬਣੇ ਜਿਵੇਂ ਰਾਏ ਬੁਲਾਰ, ਭਾਈ ਮਰਦਾਨਾ, ਬਾਬਰ, ਦੌਲਤ ਖਾਂ ਲੋਧੀ, ਸੱਜਨ ਠੱਗ, ਸਾਹਵਲੀ ਕੰਧਾਰੀ ਆਦਿ ਪ੍ਰਮੁੱਖ ਹਨ। ਜੰਮੂ ਕਸ਼ਮੀਰ ਦੇ ਪ੍ਰਸਿੱਧ ਵਿਅੰਗਕਾਰ ਡਾ. ਮੋਨੋਜੀਤ ਨੇ ਕਰਤਾਰਪੁਰ ਦੇ ਸਿਰਲੇਖ ਹੇਠ ਲੇਖ ਵਿਚ ਕਰਤਾਰਪੁਰ ਦੇ ਇਤਿਹਾਸ ਦੇ ਨਾਲ ਜਾਣ-ਪਛਾਣ ਕਰਵਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਕੀਰਤੀ ਪੁਰਖ ਵਾਲੇ ਸਰੂਪ ਦਾ ਉਲੇਖ ਕੀਤਾ ਹੈ ਅਤੇ ਨਾਲ ਹੀ ਦਸਿਆ ਹੈ ਕਿ ਗੁਰੂ ਨਾਨਕ ਨੇ ਕੇਵਲ ਕਿਰਤ ਕਰਨ ਦਾ ਉਪਦੇਸ਼ ਦਿੱਤਾ ਹੀ ਨਹੀਂ ਸਗੋਂ ਕਰਤਾਰਪੁਰ ਵਿਚ ਰਹਿ ਕੇ ਹੱਥੀਂ ਕਿਰਤ ਕਰਕੇ ਦਿਖਾਈ ਵੀ ਹੈ।

ਇਸ ਅੰਕ ਵਿਚ 9 ਕਵੀਆਂ ਦੀਆਂ 10 ਰਚਨਾਵਾਂ ਦੂਸਰੇ ਭਾਗ ਵਿਚ ਅੰਕਿਤ ਕੀਤੀਆਂ ਗਈਆਂ ਹਨ। ਇਨ੍ਹਾਂ ਰਚਨਾਵਾਂ ਵਿਚੋਂ ਬਹੁਤੀਆਂ ਰਚਨਾਵਾਂ ਗੁਰੂ ਜੀ ਦੀ ਵਿਚਾਰਧਾਰਾ, ਜੀਵਨ ਆਦਰਸ਼ਾਂ, ਸਿਖਿਆਵਾਂ, ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ, ਉਨ੍ਹਾਂ ਵਲੋਂ ਕੀਤੇ ਮਹਾਨ ਕਾਰਜਾਂ ਅਤੇ ਸਮਕਾਲੀ ਸਮੇਂ ਵਿਚ ਗੁਰੂ ਨਾਨਕ ਉਪਦੇਸ਼ ਨੂੰ ਅਪਨਾਉਣ ਦੀ ਜ਼ਰੂਰਤ ਦਾ ਕਾਵਿਕ ਰੂਪਾਂਤ੍ਰਣ ਹਨ। ਮੈਂ ਅਜੋਕੇ ਖਾਸ ਮੌਕੇ ਤੇ ਇਸ ਵਿਸ਼ੇਸ਼ ਅੰਕ ਲਈ ਅਕੈਡਮੀ ਅਤੇ ਪੋਪਿੰਦਰ ਸਿੰਘ ਪਾਰਸ ਨੂੰ ਇਸ ਆਸ ਨਾਲ ਬਹੁਤ ਬਹੁਤ ਮੁਬਾਰਕਬਾਦ ਦਿੰਦਾ ਹਾਂ ਕਿ ਭਵਿੱਖ ਵਿਚ ਵੀ ਅਜਿਹੇ ਉਦਮ ਨਿਰੰਤਰ ਜਾਰੀ ਰਹਿਣਗੇ।

☆

Regd. No. 28873/76
ISSN 2319-5053
UGC Approved

Sept.–Oct. 2021

Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu